BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਲੋਕਲ ਭਾਈਵਾਲਾਂ ਦੇ ਨਾਲ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ

ਬ੍ਰੈਂਪਟਨ, ਓਨਟੈਰੀਓ (3 ਮਾਰਚ, 2022) – ਸਿਟੀ ਆਫ ਬ੍ਰੈਂਪਟਨ, ਡਾਊਨਟਾਊਨ ਬ੍ਰੈਂਪਟਨ (Downtown Brampton) ਲਈ 12 ਮਹੀਨੇ ਦੇ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ (Welcoming Streets Pilot Program) ਦੀ ਸ਼ੁਰੂਆਤ ਦੇ ਨਾਲ, ਲਗਾਤਾਰ ਆਪਣੇ ਡਾਊਨਟਾਊਨ ਵਿੱਚ ਸੁਧਾਰ ਕਰਨ ਲਈ ਕਦਮ ਚੁੱਕ ਰਹੀ ਹੈ।

ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਦਾ ਉਦੇਸ਼, ਲੋਕਲ ਨਿਵਾਸੀਆਂ ਅਤੇ ਕਾਰੋਬਾਰੀਆਂ ਦੀਆਂ ਲੋੜਾਂ ਤੇ ਧਿਆਨ ਦਿੰਦੇ ਹੋਏ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹੋਏ, ਡਾਊਨਟਾਊਨ ਬ੍ਰੈਂਪਟਨ ਵਿੱਚ ਵਿਅਕਤੀਆਂ ਨੂੰ ਟੀਚਾਗਤ ਸਟ੍ਰੀਟ ਆਊਟਰੀਚ ਸੇਵਾਵਾਂ ਪ੍ਰਦਾਨ ਕਰਨਾ ਹੈ।

ਇਸ ਪ੍ਰੋਗਰਾਮ ਦੇ ਦੁਆਰਾ, “ਵੈਲਕਮਿੰਗ ਸਟ੍ਰੀਟ ਲੀਡਰਸ” (“Welcoming Streets Leaders”), ਡਾਊਨਟਾਊਨ ਬ੍ਰੈਂਪਟਨ ਦੇ ਕਾਰੋਬਾਰੀਆਂ ਦੀ ਮਦਦ ਕਰਨਗੇ। ਲੀਡਰਸ ਉਹਨਾਂ ਸਥਿਤੀਆਂ ਵਿੱਚ ਸਹਾਇਤਾ ਲਈ ਬੇਨਤੀਆਂ ਦਾ ਜਵਾਬ ਦੇਣਗੇ, ਜਿਹਨਾਂ ਵਾਸਤੇ ਪੀਲ ਰੀਜਨਲ ਪੁਲਿਸ (Peel Regional Police) ਦੀ ਮਦਦ ਦੀ ਲੋੜ ਨਹੀਂ ਹੈ, ਜਿਵੇਂ ਸੰਕਟ ਵਿੱਚ ਵਿਅਕਤੀ, ਡਾਊਨਟਾਊਨ ਵਿੱਚ ਰਹਿਣ ਵਾਲੇ ਵਿਅਕਤੀਆਂ ਨਾਲ ਜੁੜਨਾ ਅਤੇ ਰਿਸ਼ਤੇ ਬਣਾਉਣਾ ਅਤੇ ਲੋੜਵੰਦ ਵਿਅਕਤੀਆਂ ਤੱਕ ਉਹ ਸਹਿਯੋਗ ਸੇਵਾਵਾਂ ਪਹੁੰਚਾਉਣਾ, ਜਿਹਨਾਂ ਦੀ ਉਹਨਾਂ ਨੂੰ ਲੋੜ ਹੋ ਸਕਦੀ ਹੈ। ਲੀਡਰਸ, ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ (City Hall, 2 Wellington Street West) ਦੀ ਹੇਠਲੀ ਮੰਜ਼ਲ ਤੇ ਸਥਿਤ, ਡਾਊਨਟਾਊਨ ਬ੍ਰੈਂਪਟਨ ਪ੍ਰੋਜੈਕਟਸ ਸੈਂਟਰ (Downtown Brampton Projects Centre) ਵਿੱਚ ਮੌਜੂਦ ਹੋਣਗੇ।

ਰੀਜਨ ਆਫ ਪੀਲ (Region of Peel) ਦੇ ਮੁਤਾਬਕ, 2020 ਵਿੱਚ ਪੀਲ ਵਿੱਚ 4,566 ਲੋਕ ਬੇਘਰ ਹੋਣ ਦਾ ਅਨੁਭਵ ਕਰ ਰਹੇ ਸਨ। ਜੂਨ 2021 ਵਿੱਚ, ਰੀਜਨ ਆਫ ਪੀਲ ਨੇ ਪ੍ਰੋਗਰਾਮ ਲਈ 250,000 ਡਾਲਰ ਦੀ ਫੰਡਿੰਗ ਦੀ ਪ੍ਰਵਾਨਗੀ ਦਿੱਤੀ। ਇਹ ਸਿਟੀ ਅਤੇ ਰੀਜਨ ਆਫ ਪੀਲ ਦੇ ਵਿਚਕਾਰ ਭਾਈਵਾਲੀ ਹੈ, ਜਿਸਦੀ ਹਿਮਾਇਤ, ਡਾਊਨਟਾਊਨ ਬ੍ਰੈਂਪਟਨ ਬੀ.ਆਈ.ਏ. (Downtown Brampton BIA), ਪੀਲ ਰੀਜਨਲ ਪੁਲਿਸ, ਰੀਜੈਨਰੇਸ਼ਨ ਆਊਟਰੀਚ ਕਮਿਊਨਿਟੀ (Regeneration Outreach Community) ਅਤੇ ਕੈਨੇਡਿਅਨ ਮੈਂਟਲ ਹੈਲਥ ਐਸੋਸੀਏਸ਼ਨ ਪੀਲ ਡਫਰਿਨ (Canadian Mental Health Association Peel Dufferin) ਵੱਲੋਂ ਕੀਤੀ ਗਈ ਹੈ।

ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਬਾਰੇ ਹੋਰ ਜਾਣਨ ਲਈ, brampton.ca/downtownbrampton ਤੇ ਜਾਓ।

**ਹਵਾਲੇ**

“ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਇਕੱਠੇ, ਅਸੀਂ ਸਾਡੇ ਡਾਊਨਟਾਊਨ ਵਿੱਚ ਸੁਧਾਰ ਕਰਨ ਵਿੱਚ ਲਗਾਤਾਰ ਕਾਫੀ ਅੱਗੇ ਵਧ ਰਹੇ ਹਾਂ, ਤਾਂ ਜੋ ਇਹ ਸਾਡੇ ਕਾਰੋਬਾਰੀਆਂ ਅਤੇ ਨਿਵਾਸੀਆਂ ਲਈ, ਇੱਕ ਸੁਰੱਖਿਅਤ, ਸ਼ਮੂਲੀਅਤ ਵਾਲੀ ਅਤੇ ਸੰਪੰਨਸ਼ੀਲ ਜਗ੍ਹਾ ਹੋਵੇ। ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ, ਸਾਡੇ ਲੋਕਲ ਨਿਵਾਸੀਆਂ ਅਤੇ ਡਾਊਨਟਾਊਨ ਵਿੱਚ ਸਥਿਤ ਕਾਰੋਬਾਰੀਆਂ ਲਈ ਕਾਫੀ ਵੱਡੀ ਸਹਾਇਤਾ ਹੋਵੇਗਾ। ਅਸੀਂ ਇਸ 12 ਮਹੀਨੇ ਦੇ ਪਾਇਲਟ ਪ੍ਰੋਗਰਾਮ ਦੇ ਨਤੀਜੇ ਦੇਖਣ ਲਈ ਉਤਸ਼ਾਹਿਤ ਹਾਂ।”

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਡਾਊਨਟਾਊਨ ਬ੍ਰੈਂਪਟਨ ਦੇ ਕਾਰੋਬਾਰੀ, ਕੋਵਿਡ-19 ਮਹਾਂਮਾਰੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਸਿਟੀ ਉਹਨਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕਰ ਰਹੀ ਹੈ, ਜਦੋਂ ਉਹ ਬਹਾਲੀ ਵੱਲ ਵਧਣ ਲਈ ਕੰਮ ਕਰ ਰਹੇ ਹਨ। ਵੱਧ ਸੁਰੱਖਿਅਤ ਅਤੇ ਵੱਧ ਸਿਹਤਮੰਦ ਥਾਵਾਂ ਬਣਾਉਣ ਦੇ ਮੌਕਿਆਂ ਵਿੱਚ ਸੁਧਾਰ ਕਰਕੇ, ਅਸੀਂ ਸਾਡੇ ਡਾਊਨਟਾਊਨ ਨੂੰ ਸਾਰਿਆਂ ਲਈ ਵੱਧ ਸੁਆਗਤੀ ਬਣਾਵਾਂਗੇ। ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਦੇ ਨਾਲ ਸਾਡੀ ਸਹਾਇਤਾ ਕਰਨ ਲਈ, ਸਾਡੇ ਭਾਈਵਾਲਾਂ ਦਾ ਧੰਨਵਾਦ।"

*- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4, ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਇੱਕ ਸੁਆਗਤੀ ਅਤੇ ਸੰਪੰਨਸ਼ੀਲ ਡਾਊਨਟਾਊਨ ਲਈ, ਪਬਲਿਕ ਸੇਫਟੀ ਜ਼ਰੂਰੀ ਹੈ ਅਤੇ ਸਿਟੀ, ਸੁਰੱਖਿਆ ਸਬੰਧੀ ਚਿੰਤਾਵਾਂ ਤੇ ਧਿਆਨ ਦੇਣ ਲਈ ਸਾਡੇ ਕਾਰੋਬਾਰੀਆਂ ਅਤੇ ਨਿਵਾਸੀਆਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਇਕੱਠੇ, ਅਸੀਂ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਡਿਲੀਵਰ ਕਰਨ ਅਤੇ 12 ਮਹੀਨਿਆਂ ਦੀ ਮਿਆਦ ਵਿੱਚ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਉਤਸ਼ਾਹਿਤ ਹਾਂ।"

*- ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਵਾਈਸ-ਚੇਅਰ, ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਸਿਟੀ ਵਿਖੇ, ਅਸੀਂ ਸਾਡੇ ਡਾਊਨਟਾਊਨ ਵਿੱਚ ਤਬਦੀਲੀ ਲਿਆਉਣ ਲਈ ਵਚਨਬੱਧ ਹਾਂ, ਤਾਂ ਜੋ ਸਾਡੇ ਕਾਰੋਬਾਰੀ ਉੱਨਤੀ ਕਰ ਸਕਣ ਅਤੇ ਸਾਡੇ ਨਿਵਾਸੀਆਂ ਕੋਲ ਰਹਿਣ, ਕੰਮ ਕਰਨ ਅਤੇ ਖੇਡਣ ਵਾਸਤੇ, ਵਿਸਤ੍ਰਿਤ ਪਬਲਿਕ ਥਾਵਾਂ ਹੋਣ। ਇਸ ਵਿੱਚ ਸੁਰੱਖਿਆ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ ਅਤੇ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ, ਸਬੰਧਿਤ ਚਿੰਤਾਵਾਂ ਤੇ ਧਿਆਨ ਦੇਣ ਅਤੇ ਖੇਤਰ ਵਿੱਚ ਰਹਿਣ ਵਾਲੇ ਨਿਵਾਸੀਆਂ ਦੀ ਹਿਮਾਇਤ ਕਰਨ ਵਿੱਚ ਸਾਡੀ ਮਦਦ ਕਰੇਗਾ।"

*- ਰਿਚਰਡ ਫੋਰਵਾਰਡ (Richard Forward), ਕਮਿਸ਼ਨਰ, ਪਲਾਨਿੰਗ, ਬਿਲਡਿੰਗ ਐਂਡ ਇਕੋਨੋਮਿਕ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ, ਸ਼ਾਨਦਾਰ ਤਾਲਮੇਲ ਦਾ ਨਤੀਜਾ ਹੈ। ਇਹ ਯਕੀਨੀ ਬਣਾਉਣ ਲਈ ਕਿ ਡਾਊਨਟਾਊਨ, ਨਿਵਾਸੀਆਂ ਅਤੇ ਕਾਰੋਬਾਰੀਆਂ ਲਈ ਵੱਧ ਸੁਆਗਤੀ ਜਗ੍ਹਾ ਹੈ, ਮੈਨੂੰ ਬ੍ਰੈਂਪਟਨ ਵਿੱਚ ਇਸ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਦੀ ਹਿਮਾਇਤ ਕਰਨ ਤੇ ਖੁਸ਼ੀ ਹੈ।"

*- ਨਾਂਡੋ ਐਨਿਕਾ (Nando Iannicca), ਰੀਜਨ ਆਫ ਪੀਲ, ਰੀਜਨਲ ਚੇਅਰ*

"ਪੀਲ ਰੀਜਨਲ ਪੁਲਿਸ ਨੂੰ ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤ ਦੀ ਹਿਮਾਇਤ ਕਰਨ ਤੇ ਖੁਸ਼ੀ ਹੈ। ਅਸੀਂ ਸੰਕਟ ਵਿੱਚ ਹੋਣ ਵਾਲੇ ਅਤੇ ਸਹਿਯੋਗ ਸੇਵਾਵਾਂ ਦੇ ਲੋੜਵੰਦ ਲੋਕਾਂ ਦੇ ਨਾਲ ਗੈਰ-ਜ਼ਰੂਰੀ ਗੱਲਬਾਤਾਂ ਨੂੰ ਘਟਾਉਣ ਵਿੱਚ ਮਦਦ ਲਈ, ਅਪਸਟ੍ਰੀਮ ਦ੍ਰਿਸ਼ਟੀਕੋਣਾਂ ਦੀ ਹਿਮਾਇਤ ਕੀਤੀ ਹੈ ਅਤੇ ਸਿਟੀ ਆਫ ਬ੍ਰੈਂਪਟਨ ਅਤੇ ਰੀਜਨ ਆਫ ਪੀਲ ਵੱਲੋਂ ਇਹ ਪਾਇਲਟ ਪ੍ਰੋਜੈਕਟ, ਉਹਨਾਂ ਦ੍ਰਿਸ਼ਟੀਕੋਣਾਂ ਵਿੱਚੋਂ ਇੱਕ ਦੀ ਸ਼ਾਨਦਾਰ ਮਿਸਾਲ ਹੈ। ਅਸੀਂ ਡਾਊਨਟਾਊਨ ਬ੍ਰੈਂਪਟਨ ਦੇ ਸੁਆਗਤੀ ਵਾਤਾਵਰਣ ਦਾ ਵਿਸਤਾਰ ਕਰਨ ਲਈ, ਸਾਡੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਹਾਂ।"

*- ਨਿਸ਼ਾਨ ਡੁਰਈਅੱਪਾ (Nishan Duraiappah), ਚੀਫ ਆਫ ਪੁਲਿਸ, ਪੀਲ ਰੀਜਨਲ ਪੁਲਿਸ*

"ਡਾਊਨਟਾਊਨ ਬ੍ਰੈਂਪਟਨ ਬੀ.ਆਈ.ਏ., ਵੈਲਕਮਿੰਗ ਸਟ੍ਰੀਟਸ ਪਾਇਲਟ ਪ੍ਰੋਗਰਾਮ ਸ਼ੁਰੂ ਹੁੰਦਾ ਦੇਖ ਕੇ ਬੇਹੱਦ ਉਤਸ਼ਾਹਿਤ ਹੈ। ਇਹ ਪ੍ਰੋਗਰਾਮ, ਸਾਡੇ ਕਾਰੋਬਾਰੀਆਂ ਲਈ ਬਹੁਤ ਵੱਡੀ ਸਹਾਇਤਾ ਪ੍ਰਦਾਨ ਕਰੇਗਾ ਅਤੇ ਡਾਊਨਟਾਊਨ ਬ੍ਰੈਂਪਟਨ ਨੂੰ ਸਾਰਿਆਂ ਦੇ ਅਨੰਦ ਮਾਣਨ ਲਈ, ਵੱਧ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੀ ਜਗ੍ਹਾ ਬਣਾਉਣ ਵਿੱਚ ਮਦਦ ਕਰੇਗਾ।"

*- ਸੂਜ਼ੀ ਗਾਡਫ੍ਰੋਏ (Suzy Godefroy), ਐਗਜ਼ੀਕਿਉਟਿਵ ਡਾਇਰੈਕਟਰ, ਡਾਉਨਟਾਉਨ ਬ੍ਰੈਂਪਟਨ ਬਿਜਨੇਸ ਇਮਪਰੂਵਮੈਂਟ ਏਰੀਆ (ਬੀ.ਆਈ.ਏ.)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca